# ਜਨਤਕ ਸੂਚਨਾ

ਸ੍ਰੀ ਰਿਸੀ ਰਾਜ ਸਪੁੱਤਰ ਸਵਰਗਵਾਸੀ ਸ੍ਰੀ ਸੁਖ ਰਾਮ, ਜੋ ਕਿ ਇਸ ਦਫਤਰ ਵਿਚ ਬਤੌਰ ਸਫਾਈ ਸੇਵਕ ਮਿਤੀ 17.11.1988 ਨੂੰ ਨਿਯੁਕਤ ਕੀਤਾ ਗਿਆ ਸੀ, ਉਹ ਆਪਣੀਆਂ ਸੇਵਾਵਾਂ ਸੁਰੂ ਕਰਨ ਦੇ ਕੁੱਝ ਸਾਲਾਂ ਬਾਅਦ ਹੀ ਦਫਤਰ ਨੂੰ ਬਿਨਾਂ ਸੂਚਿਤ ਕੀਤੇ ਦਫਤਰ ਤੋਂ ਗੈਰ -ਹਾਜਰ ਰਹਿਣ ਲੱਗਾ । ਦਫਤਰੀ ਰਿਕਾਰਡ ਅਨੁਸਾਰ ਉਹ 15.7.1991 ਤੋਂ 23.7.1991, 22.4.1995 ਤੋਂ 28.4.1995, 1.8.2002 ਤੋਂ 13.8.2002, 31.3.2003 ਤੋਂ 4.4.2003, 3.11.2003 ਤੋਂ 10.11.2003, 28.2.2007 ਤੋਂ 2.3.2007, 8.10.2007 ਤੋਂ 11.12.2007, 14.1.2008 ਤੋਂ 17.1.2008, 28.3.2008 ਤੋਂ 29.4.2008, 2.5.2008 ਤੋਂ 20.5.2008, 4.8.2008 ਤੋਂ 18.8.2008, 23.8.2008 ਤੋਂ 19.4.2009, 5.8.2009 ਤੋਂ 31.8.2009, 29.9.2009 ਤੋਂ 24.11.2009, 30.11.2009 ਤੋਂ 8.12.2009 ਅਤੇ ਇਸ ਉਪਰੰਤ ਉਹ ਮੁੜ ਮਿਤੀ 12.1.2010 ਤੋਂ ਲੈ ਕੇ ਹੁਣ ਤੱਕ ਦਫਤਰ ਨੂੰ ਬਿਨਾਂ ਸੂਚਿਤ ਕੀਤੇ ਗੈਰ-ਹਾਜਰ ਰਹਿ ਰਿਹਾ ਹੈ ।

ਸ੍ਰੀ ਰਿਸੀ ਰਾਜ ਦੇ ਦੋਸਾਂ ਨੂੰ ਦੇਖਦੇ ਹੋਏ ਕੌਂਸਲ ਵਲੋਂ ਉਸਨੂੰ ਤਿੰਨ ਵਾਰ ਦੋਸ ਪੱਤਰ ਜਾਰੀ ਕੀਤੇ ਗਏ, ਜਿਸ ਰਾਹੀਂ ਉਸ ਉੱਤੇ ਦਫਤਰ ਨੂੰ ਬਿਨਾਂ ਸੂਚਿਤ ਕੀਤੇ ਗੈਰ-ਹਾਜਰ ਰਹਿਣ ਦੇ ਆਦੀ, ਸਰਕਾਰੀ ਰੂਲਾਂ/ ਕਾਨੂੰਨਾਂ ਦੀ ਉਲੰਘਣਾ ਕਰਨ ਅਤੇ ਉਸ ਵਲੋਂ ਦਿੱਤੇ ਹਲਫਨਾਮੇ ਮਿਤੀ 26.8.2011 ਅਤੇ ਮਿਤੀ 15.3.2012 ਤੇ ਆਸਵਾਸਨ ਦੀ ਪਾਲਣਾ ਨਾ ਕਰਨ ਦੇ ਦੋਸ ਲਗਾਏ ਗਏ ਸਨ । ਇਨ੍ਹਾਂ ਦੋਸ ਪੱਤਰਾਂ ਦੇ ਸੰਬੰਧ ਵਿਚ ਹੋਈਆਂ ਜਾਂਚ-ਪੜਤਾਲਾਂ ਦੌਰਾਨ ਪੜਤਾਲੀਆ ਅਫਸਰਾਂ ਵਲੋਂ ਉਸ ਵਿਰੁੱਧ ਲਗਾਏ ਗਏ ਦੋਸ ਪੂਰੀ ਤਰ੍ਹਾਂ ਸਾਬਤ ਹੋ ਚੁੱਕੇ ਹਨ ਅਤੇ ਦਫਤਰ ਵਲੋਂ ਉਸਨੂੰ ਸਜਾਵਾਂ ਵੀ ਸੁਣਾਈਆਂ ਜਾ ਚੁੱਕੀਆਂ ਹਨ ।

ਅੰਤ ਵਿਚ ਉਸਨੂੰ ਦਫਤਰ ਨੇ ਆਪਣੇ ਪੱਤਰ ਨੰ 3086 ਮਿਤੀ 3.5.2013 ਰਾਹੀਂ ਪੜਤਾਲੀਆ ਰਿਪੋਰਟ ਦੀ ਕਾਪੀ ਭੇਜਦੇ ਹੋਏ ਸੋ-ਕਾਜ ਨੋਟਿਸ ਜਾਰੀ ਕੀਤਾ, ਜਿਸ ਰਾਹੀਂ ਉਸਨੂੰ ਆਪਣਾ ਜਵਾਬ ਪੇਸ ਕਰਨ ਲਈ 15 ਦਿਨਾਂ ਦਾ ਸਮਾਂ ਦਿੱਤਾ ਅਤੇ ਇਹ ਵੀ ਕਿਹਾ ਗਿਆ ਕਿ ਜੇਕਰ ਮਿੱਥੇ ਸਮੇਂ ਵਿਚ ਤੁਹਾਡੇ ਵਲੋਂ ਜਵਾਬ ਪ੍ਰਾਪਤ ਨਾ ਹੋਇਆ ਤਾਂ ਇਹ ਸਮਝ ਲਿਆ ਜਾਵੇਗਾ ਕਿ ਤੁਸੀਂ ਇਸ ਸੰਬੰਧ ਵਿਚ ਕੁਝ ਨਹੀਂ ਕਹਿਣਾ ਚਾਹੁੰਦੇ ਤਾਂ ਕੌਂਸਲ ਵਲੋਂ ਇੱਕ ਤਰਫਾ ਕਾਰਵਾਈ ਹੋਰ ਕੋਈ ਸਮਾਂ ਦਿੱਤੇ ਬਿਨਾਂ ਆਰੰਭੀ ਜਾਵੇਗੀ ।

ਇਸਲਈ ਹੁਣ ਸ੍ਰੀ ਰਿਸੀ ਰਾਜ, ਸਫਾਈ ਸੇਵਕ ਨੂੰ ਕੌਂਸਲ ਦੇ ਪਿੱਠ ਅੰਕਣ ਨੰ. ਪੀ.ਐਸ.ਸੀ.ਐਸ.ਟੀ/ ਐਡਮਨ/2014/738-742 ਮਿਤੀ 03.2.2014 ਰਾਹੀਂ ਕੌਂਸਲ ਦੇ ਸਰਵਿਸ-ਬਾਈ-ਲਾਜ ਦੇ ਨਿਯਮ 8.1 (v) ਅਤੇ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 5 (VIII) ਅਧੀਨ ਤੁਰੰਤ ਪ੍ਰਭਾਵ ਤੋਂ ਕੌਂਸਲ ਦੀ ਨੌਕਰੀ ਤੋਂ ਹਟਾਇਆ ਜਾਂਦਾ ਹੈ । ਇਸ ਦਫਤਰੀ ਹੁਕਮ ਸ੍ਰੀ ਰਿਸੀ ਰਾਜ, ਸਫਾਈ ਸੇਵਕ ਵਲੋਂ ਦਫਤਰ ਵਿਚ ਦਿੱਤੇ ਉਸਦੇ ਘਰ ਦੇ ਪਤੇ ਮਕਾਨ ਨੰ 309, ਨਹਿਰੂ ਕਲੋਨੀ, ਸੈਕਟਰ-53, ਚੰਡੀਗੜ੍ਹ ਵਿਖੇ ਰਜਿਸਟਰਡ ਡਾਕ ਰਾਹੀਂ ਭੇਜਿਆ ਗਿਆ ਸੀ, ਜੋ ਦਫਤਰ ਵਿਚ ਮੁੜ ਪ੍ਰਾਪਤ ਕੀਤਾ ਜਾ ਚੁੱਕਾ ਹੈ । ਇਸਲਈ ਹੁਣ ਇਸ ਜਨਤਕ ਇਸਤਿਹਾਰ ਰਾਹੀਂ ਸ੍ਰੀ ਰਿਸੀ ਰਾਜ ਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਉਸਨੂੰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ, ਸੈਕਟਰ-26, ਚੰਡੀਗੜ੍ਹ ਦੀ ਸਫਾਈ ਸੇਵਕ ਦੀ ਨੌਕਰੀ ਤੋਂ ਹਟਾਇਆ ਜਾਂਦਾ ਹੈ ।

ਨਿਰਦੇਸਕ (ਪੀ.ਓ.ਐਸ)